ਜਿੰਮੇਵਾਰ ਬਣੋ ਵੋਟਰ ਬਣੋ

ਦਫ਼ਤਰ ਜਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ, ਅੰਮ੍ਰਿਤਸਰ।

**OFFICE OF THE**
**DISTRICT ELECTION OFFICER-CUM-DEPUTY COMMISSIONER, AMRITSAR**
(Old Blood Bank Near Ram Bagh Railway Phatak, Amritsar)
Phone No. 0183-2227118 Email - electeh.amritsar@gmail.com

ਪੱਤਰ ਨੰਬਰ ਚੋਣ-2016/ 994 ਮਿਤੀ : ਅੰਮ੍ਰਿਤਸਰ: 05 ਸਤੰਬਰ, 2016

ਸੇਵਾ ਵਿਖੇ,

1. ਜਿਲ੍ਹਾ ਸਿੱਖਿਆ ਅਫ਼ਸਰ, (ਸੈਕੰ: ਸਿੱਖਿ), ਅੰਮ੍ਰਿਤਸਰ।
2. ਜਿਲ੍ਹਾ ਸਿੱਖਿਆ ਅਫ਼ਸਰ, (ਐਲੀ: ਸਿੱਖਿ), ਅੰਮ੍ਰਿਸਤਰ।

ਵਿਸ਼ਾ:- ਵੋਟਰ ਸੂਚੀ ਸਪੈਸ਼ਲ ਸਰਸਰੀ ਸੁਧਾਈ 2016-ਸਪੈਸ਼ਲ ਕੰਮਪੇਨ ਮਿਤੀ 11.09.2016 ਮਿਤੀ 25.09.2016 (ਐਤਵਾਰ) ਨੂੰ ਸਮੂਹ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਜਿਥੇ ਪੋਲਿੰਗ ਸਟੇਸ਼ਨ ਸਥਾਪਿਤ ਹਨ ਖੁੱਲੇ ਰੱਖਣ ਸਬੰਧੀ।

ਉਪਰੋਕਤ ਵਿਸ਼ੇ ਪੁਰ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਨਵੀਂ ਦਿੱਲੀ ਵੱਲੋਂ ਵੋਟਰ ਸੂਚੀ ਦੀ ਸਪੈਸ਼ਲ ਸਰਸਰੀ ਸੁਧਾਈ ਯੋਗਤਾ ਮਿਤੀ 01.01.2017 ਦਾ ਪ੍ਰੋਗਰਾਮ ਜਾਰੀ ਕੀਤਾ ਜਾ ਚੁੱਕਾ ਹੈ। ਇਸ ਪ੍ਰੋਗਰਾਮ ਅਨੁਸਾਰ ਸਪੈਸ਼ਲ ਕੰਮਪੇਨ ਦੀ ਮਿਤੀ ਮਿਤੀ 11.09.2016 ਮਿਤੀ 25.09.2016 ਦਿਨ ਐਤਵਾਰ ਨੂੰ ਸਮੂਹ ਬੀ.ਐਲ.ਓਜ਼ ਵੱਲੋਂ ਪੋਲਿੰਗ ਬੂਥਾਂ ਤੇ ਬੈਠ ਕੇ ਸਵੇਰੇ 09-00 ਤੋਂ ਲੈ ਕੇ ਸ਼ਾਮ 05-00 ਤੱਕ ਆਮ ਜੰਨਤਾ ਪਾਸੋਂ ਦਾਅਵੇ/ਇਤਰਾਜ ਪ੍ਰਾਪਤ ਕੀਤੇ ਜਾਣੇ ਹਨ। ਇਸ ਲਈ ਮਿਤੀ 11.09.2016 ਮਿਤੀ 25.09.2016 ਦਿਨ ਐਤਵਾਰ ਨੂੰ ਸਮੂਹ ਐਲੀਮੈਂਟਰੀ ਅਤੇ ਸੈਕੰਡਰੀ ਸਕੂਲ (ਜਿਥੇ ਪੋਲਿੰਗ ਸਟੇਸ਼ਨ ਸਥਾਪਿਤ ਹਨ) ਸਵੇਰੇ 09-00 ਤੋਂ 05-00 ਵਜੇ ਤੱਕ ਖੁੱਲੇ ਰੱਖੇ ਜਾਣ ਅਤੇ ਕਿਸੇ ਜਿੰਮੇਵਾਰ ਕਰਮਚਾਰੀ ਦੀ ਡਿਊਟੀ ਲਗਾਈ ਜਾਵੇ ਤਾਂ ਜੋ ਬੀ.ਐਲ.ਓਜ਼. ਨੂੰ ਪੂਰਾ ਸਹਿਯੋਗ ਦੇਵੇ ਅਤੇ ਲੋੜੀਂਦਾ ਫਰਨੀਚਰ ਹੋਰ ਸਮਾਨ ਮੁਹੱਈਆ ਕਰਵਾਏ। ਇਸ ਸਬੰਧੀ ਕੀਤੀ ਗਈ ਕਾਰਵਾਈ ਤੋਂ ਇਸ ਦਫ਼ਤਰ ਨੂੰ ਮਿਤੀ 09.09.2016 ਨੂੰ ਜਾਣੂ ਕਰਵਾਇਆ ਜਾਵੇ।

ਵਾਸਤੇ ਜਿਲ੍ਹਾ ਚੋਣ ਅਫ਼ਸਰ
ਅੰਮ੍ਰਿਤਸਰ।

ਪਿੱਠ ਅੰਕਣ ਨੰਬਰ ਚੋਣ-2016/ 995 ਮਿਤੀ : ਅੰਮ੍ਰਿਤਸਰ : 05 ਸਤੰਬਰ, 2016

ਇਸ ਦਾ ਇੱਕ ਉਤਾਰਾ:-

1. ਪੀ.ਏ.ਟੂ ਡੀ.ਸੀ. ਮਾਨਯੋਗ ਡੀ.ਸੀ. ਸਾਹਿਬ ਜੀ ਦੀ ਜਾਣਕਾਰੀ ਹਿੱਤ
2. ਪੀ.ਏ.ਟੂ ਏ. ਡੀ.ਸੀ. (ਜ) ਮਾਨਯੋਗ ਏ.ਡੀ.ਸੀ. (ਜ), ਅੰਮ੍ਰਿਤਸਰ ਜੀ ਦੀ ਜਾਣਕਾਰੀ ਹਿੱਤ
3. ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਮਿਤੀ 11.09.2016 ਮਿਤੀ 25.09.2016 (ਐਤਵਾਰ) ਨੂੰ ਸਮੂਹ ਬੀ.ਐਲ.ਓਜ਼. ਦੀ ਪੋਲਿੰਗ ਬੂਥਾਂ ਤੇ ਸਵੇਰੇ 09-00 ਤੋਂ ਸ਼ਾਮ 05-00 ਤੱਕ ਹਾਜਰੀ ਯਕੀਨੀ ਬਣਾਈ ਜਾਵੇ। ਇਸ ਸਬੰਧੀ ਲੋੜੀਂਦੇ ਪ੍ਰਬੰਧ ਮੁਕੰਮਲ ਕਰ ਲਏ ਜਾਣ ਤਾਂ ਜੋ ਆਮ ਜਨਤਾ ਨੂੰ ਕਿਸੇ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।
4. ਚੋਣ ਹਲਕਿਆਂ ਵਿੱਚ ਨਿਯੁਕਤ ਸਮੂਹ ਚੋਣ ਕਾਨੂੰਗੋ/ਪਰੂਫ ਰੀਡਰਾਂ ਨੂੰ ਤੁਰੰਤ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਾਸਤੇ ਜਿਲ੍ਹਾ ਚੋਣ ਅਫ਼ਸਰ
ਅੰਮ੍ਰਿਤਸਰ।